ONE TO ONE

ਪੇਰੈਂਟ ਰੀਡਿੰਗ ਵਰਕਸ਼ਾਪ

ਆਪਣੇ ਬੱਚਿਆਂ ਨਾਲ ਘਰ ਵਿੱਚ ਪੜ੍ਹਨ ਵਿੱਚ ਸਹਾਈ ਹੋਣ ਨੂੰ ਉਤਸ਼ਾਹ ਦੇਣ ਵਾਲੀਆਂ ਕਾਰਜ ਨੀਤੀਆਂ।

ਇਕੱਲੇ-ਨਾਲ-ਇਕੱਲਾ ਮੇਲ ਰਾਹੀਂ, ਅਸੀਂ ਬੀ.ਸੀ. ਦੇ ਬੱਚਿਆਂ ਦੇ ਅੱਖਰ ਗਿਆਨ ਦੇ ਹੁਨਰ ਅਤੇ ਪੜ੍ਹਨ ਵਿੱਚ ਵਿਸ਼ਵਾਸ ਵਧਾਉਣ ਵਿੱਚ ਮਦਦ ਕਰਦੇ ਹਾਂ।

ਹੈਂਡ ਬੁੱਕ

ਇਹ ਵਰਕਸ਼ਾਪ ਸਾਈਮਨ ਕੇ.ਵਾਈ. ਲੀ ਫਾਊਂਡੇਸ਼ਨ ਦੇ ਦਿਆਲੂ ਸਹਿਯੋਗ ਸਦਕਾ ਸੰਭਵ ਹੋ ਸਕੀ ਹੈ।

SIMON K.Y. LEE FOUNDATION
李國賢基金會

ਟਿੱਪਣੀਆਂ

ਮੈਂ ਆਪਣੇ ਬੱਚੇ ਦੀ ਜੀਵਨ ਭਰ ਲਈ ਪਾਠਕ ਬਣਨ ਵਿੱਚ 'ਕਿਵੇਂ' ਮਦਦ ਕਰ ਸਕਦਾ ਹਾਂ?

ਪੜ੍ਹਨਾ ਔਖਾ ਕੰਮ ਹੈ। ਇਸ ਲਈ, ਤੁਸੀਂ ਆਪਣੇ ਬੱਚੇ (ਬੱਚਿਆਂ) ਦੀ ਕਿਵੇਂ ਮਦਦ ਕਰ ਸਕਦੇ ਹੋ?

ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਓ ਅਤੇ ਆਪਣੇ ਬੱਚੇ ਨਾਲ ਪੜ੍ਹੋ

ਤੁਸੀਂ ਆਪਣੇ ਬੱਚੇ ਨੂੰ ਦਿਲਚਸਪ ਜਾਂ ਵਧੇਰੇ ਮੁਸ਼ਕਲ ਕਹਾਣੀਆਂ ਪੜ੍ਹ ਕੇ ਸੁਣਾਉਣ ਨਾਲ ਪੜ੍ਹਨ ਨੂੰ ਮਜ਼ੇਦਾਰ ਬਣਾਉਣ ਵਿੱਚ ਮਦਦ ਕਰ ਸਕਦੇ ਹੋ।

ਤੁਹਾਡੇ ਬੱਚੇ ਨੂੰ ਤੁਹਾਡੇ ਲਈ ਪੜ੍ਹਨ ਦਿਓ। ਉਨ੍ਹਾਂ ਨੂੰ ਆਪਣੇ ਪੜ੍ਹਨ ਦੇ ਹੁਨਰ ਦਾ ਅਭਿਆਸ ਕਰਨ ਦਿਓ ਅਤੇ ਜੋ ਉਹ ਸਿੱਖ ਰਹੇ ਹਨ ਉਸ 'ਤੇ ਕੰਮ ਕਰਨ ਦਿਓ।

ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣ ਨਾਲ ਉਨ੍ਹਾਂ ਦੀ ਸ਼ਬਦਾਵਲੀ ਵਧਾਉਣ ਵਿੱਚ ਮਦਦ ਹੋ ਸਕਦੀ ਹੈ।

ਇੱਕੋ ਕਿਤਾਬ ਨੂੰ ਵਾਰ-ਵਾਰ ਪੜ੍ਹਨਾ ਵੀ ਠੀਕ ਹੈ।

ਪਾਜ਼ (ਰੁਕੋ), ਪ੍ਰੌਂਪਟ(ਸੁਝਾਅ ਦਿਓ), ਪ੍ਰੇਜ਼ (ਪ੍ਰਸ਼ੰਸਾ ਕਰੋ)

3 ਪੀਆਂ (P's)

ਅਸੀਂ ਜਾਣਦੇ ਹਾਂ ਕਿ ਤੁਸੀਂ ਮਦਦ ਕਰਨਾ ਚਾਹੁੰਦੇ ਹੋ, ਪਰ ਇਹਨਾਂ ਤਿੰਨ ਪੀਆਂ (P's) ਨੂੰ ਨਾ ਭੁੱਲੋ।

ਪਾਜ਼ (ਰੁਕੋ)

ਆਪਣੇ ਬੱਚੇ ਨੂੰ ਸਮਝਣ ਦਾ ਮੌਕਾ ਦਿਓ

ਪ੍ਰੌਂਪਟ (ਸੁਝਾਅ ਦਿਓ)

ਆਪਣੇ ਬੱਚੇ ਨੂੰ ਸ਼ਬਦ ਨੂੰ ਤੋੜਨ ਦਾ ਸੁਝਾਅ ਦਿਓ।

ਪ੍ਰੇਜ਼ (ਪ੍ਰਸ਼ੰਸਾ ਕਰੋ)

ਆਪਣੇ ਬੱਚੇ ਦੀ ਪ੍ਰਸ਼ੰਸਾ ਕਰਦੇ ਸਮੇਂ ਉਸ ਨੂੰ ਵਿਸਥਾਰ ਨਾਲ ਦੱਸੋ ਕਿ ਉਸ ਨੇ ਕੀ ਚੰਗਾ ਕੀਤਾ ਹੈ!

ਸਹਾਇਤਾ ਕਰਨ ਦੇ ਵੱਖ-ਵੱਖ ਪੱਧਰ

ਕਈ ਵਾਰ ਉਹਨਾਂ ਨੂੰ ਸਿਰਫ ਥੋੜ੍ਹੀ ਜਿਹੀ ਮਦਦ ਦੀ ਲੋੜ ਹੁੰਦੀ ਹੈ।

ਕਈ ਵਾਰ ਉਹਨਾਂ ਨੂੰ ਥੋੜ੍ਹੀ ਜਿਹੀ ਜ਼ਿਆਦਾ ਦੀ ਲੋੜ ਹੁੰਦੀ ਹੈ।

1 ਮੇਰੀ ਵਾਰੀ

ਤੁਸੀਂ ਪਹਿਲਾਂ ਆਪਣੇ ਬੱਚੇ ਨੂੰ ਔਖਾ ਸ਼ਬਦ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਓ।

2 ਸਾਡੀ ਵਾਰੀ

ਹੁਣ ਆਪਣੇ ਬੱਚੇ ਨਾਲ ਮਿਲ ਕੇ ਇਕੱਠੇ ਉਹ ਸ਼ਬਦ ਪੜ੍ਹੋ।

3 ਤੁਹਾਡੀ ਵਾਰੀ

ਆਪਣੇ ਬੱਚੇ ਨੂੰ ਇਹ ਔਖਾ ਸ਼ਬਦ ਆਪਣੇ ਆਪ ਕੋਸ਼ਿਸ਼ ਕਰਨ ਦਿਓ।

ਪੜ੍ਹਨ ਤੋਂ ਪਹਿਲਾਂ ਅਜ਼ਮਾਉਣ ਲਈ ਸੁਝਾਅ

ਪੜ੍ਹਨ ਬਾਰੇ ਉਤਸ਼ਾਹ ਪੈਦਾ ਕਰਨ ਦੀ ਕੋਸ਼ਿਸ਼ ਕਰੋ। ਉਦਾਹਰਨ ਵਜੋਂ, ਬੱਚਿਆਂ ਦੀਆਂ ਕਿਤਾਬਾਂ ਵਿੱਚ ਅਕਸਰ ਸੁੰਦਰ ਦ੍ਰਿਸ਼ਟਾਂਤ ਹੁੰਦੇ ਹਨ – ਤਸਵੀਰਾਂ ਅਤੇ ਉਹਨਾਂ ਨੂੰ ਆਕਰਸ਼ਕ ਬਣਾਉਣ ਵਾਲੀਆਂ ਚੀਜ਼ਾਂ ਬਾਰੇ ਗੱਲ ਕਰਨਾ ਠੀਕ ਹੈ।

ਹੋ ਸਕਦਾ ਹੈ ਕਿ ਤੁਹਾਡਾ ਬੱਚਾ ਉਸ ਵਿਸ਼ੇ ਬਾਰੇ ਪਹਿਲਾਂ ਹੀ ਥੋੜ੍ਹਾ (ਜਾਂ ਬਹੁਤ ਕੁਝ) ਜਾਣਦਾ ਹੋਵੇ ਜਿਸ ਬਾਰੇ ਤੁਸੀਂ ਪੜ੍ਹਨ ਜਾ ਰਹੇ ਹੋ: ਸ਼ੁਰੂ ਕਰਨ ਤੋਂ ਪਹਿਲਾਂ, ਆਪਣੇ ਬੱਚੇ ਨੂੰ ਮਾਹਰ ਬਣਨ ਦਿਓ ਅਤੇ ਉਸ ਨੂੰ ਆਪਣਾ ਗਿਆਨ ਤੁਹਾਡੇ ਨਾਲ ਸਾਂਝਾ ਕਰਨ ਦਿਓ।

ਜੇਕਰ ਤੁਹਾਡੇ ਦੁਆਰਾ ਚੁਣੀ ਗਈ ਕਿਤਾਬ ਵਿੱਚ ਨਵੀਂ ਸ਼ਬਦਾਵਲੀ ਹੈ ਜਾਂ ਉਹ ਕਿਸੇ ਖਾਸ ਧੁਨੀ/ਅੱਖਰ ਦੇ ਸੁਮੇਲ 'ਤੇ ਕੇਂਦਰਿਤ ਹੈ, ਤਾਂ ਇਸ ਨੂੰ ਪੜ੍ਹਨ ਤੋਂ ਪਹਿਲਾਂ ਇਸ ਦਾ ਰਿਵਿਊ ਕਰੋ।



ਟੇਕ ਏ ਬੁੱਕ ਵਾਕ (ਕਿਤਾਬ ਨੂੰ ਫਰੋਲੋ)

ਸਿਰਲੇਖ, ਅਤੇ ਕਵਰ ਪੇਜ ਅਤੇ ਚਿੱਤਰਾਂ ਵਿੱਚ ਜਿਹੜਾ ਕੁਝ ਤੁਸੀਂ ਦੇਖਦੇ ਹੋ, ਉਸ ਬਾਰੇ ਗੱਲ ਕਰੋ।



Know (ਜਾਣੋ), wonder (ਉਤਸੁਕ ਹੋਵੋ), learn (ਸਿੱਖੋ)

ਤੁਹਾਡਾ ਬੱਚਾ ਵਿਸ਼ੇ ਬਾਰੇ ਕੀ ਜਾਣਦਾ ਹੈ (ਜਾਂ ਜਾਣਨਾ ਚਾਹੁੰਦਾ ਹੈ)?

ਪੜ੍ਹਨ ਤੋਂ ਬਾਅਦ: ਉਨ੍ਹਾਂ ਨੇ ਕੀ ਸਿੱਖਿਆ?

ਮੂਲ ਪਾਠ 'ਤੇ ਧਿਆਨ ਕੇਂਦਰਿਤ ਕਰੋ

ਪੜ੍ਹਨ ਤੋਂ ਪਹਿਲਾਂ, ਕਿਸੇ ਵੀ ਨਵੀਂ ਸ਼ਬਦਾਵਲੀ ਜਾਂ ਸ਼ਬਦਾਂ/ਧੁਨੀਆਂ ਦਾ ਰਿਵਿਊ ਕਰੋ ਜੋ ਕਿਤਾਬ ਦਾ ਕੇਂਦਰ ਬਿੰਦੂ ਹੋ ਸਕਦੀਆਂ ਹਨ!

ਆਓ ਤੁਕਬੰਦੀ (ਰਾਈਮ) ਕਰਨ ਲਈ ਤਿਆਰ ਹੋਈਏ

ਰਾਈਮ ਕਰਨ (ਅੰਤ ਵਿੱਚ ਇੱਕੋ ਜਿਹੀ ਅਵਾਜ਼) ਵਾਲੇ ਸ਼ਬਦਾਂ ਨੂੰ ਲੱਭਣਾ ਸਿੱਖਣ ਦਾ ਅਭਿਆਸ ਕਰਨਾ ਇੱਕ ਜ਼ਰੂਰੀ (ਅਤੇ ਮਜ਼ੇਦਾਰ) ਹੁਨਰ ਹੈ।

ਤੁਕਬੰਦੀ (ਰਾਈਮ) ਕਰਨ ਦਾ ਅਭਿਆਸ ਕਰਨ ਲਈ ਇੱਥੇ ਦੋ ਕੁ ਸੁਝਾਅ ਦਿੱਤੇ ਗਏ ਹਨ:

ਥੰਮਸ ਅੱਪ। ਥੰਮਸ ਡਾਊਨ।

ਆਪਣੇ ਬੱਚੇ ਨੂੰ ਦੋ ਸ਼ਬਦ ਦਿਓ ਅਤੇ ਪੁੱਛੋ: ਥੰਮਸ ਅਪ ਜਾਂ ਥੰਮਸ ਡਾਊਨ – ਕੀ ਇਹ ਦੋਵੇਂ ਸ਼ਬਦ ਜੁੜਦੇ (ਰਾਈਮ ਕਰਦੇ) ਹਨ?



ਰਾਈਮਿੰਗ ਹਾਟ ਪਟੇਟੋ

ਤੁਕਬੰਦੀ (ਰਾਈਮ ਕਰਨ) ਵਾਲੇ ਸ਼ਬਦਾਂ ਨੂੰ ਵਾਰੀ ਵਾਰੀ ਕਹੋ (ਜਿਵੇਂ ਕੋਈ ਹੱਥ ਸੜਨ ਦੇ ਡਰੋਂ ਗਰਮ ਆਲੂ ਛੇਤੀ ਛੇਤੀ ਦੂਜੇ ਵੱਲ ਸੁੱਟਦਾ ਹੈ)। ਉਦਾਹਰਨ ਵਜੋਂ:

ਤੁਸੀਂ: Reading
ਤੁਹਾਡਾ ਬੱਚਾ: Needing
ਤੁਸੀਂ: Leading

ਉਦੋਂ ਤੱਕ ਕਰਦੇ ਰਹੋ ਜਦੋਂ ਤੱਕ ਕੋਈ ਜੁੜਦਾ (ਰਾਈਮ ਕਰਦਾ) ਸ਼ਬਦ ਛੇਤੀ ਨਾਲ ਸੋਚ ਨਾ ਸਕੇ ਅਤੇ ਗਰਮ ਆਲੂ ਛੱਡ ਦੇਵੇ। ਆਸਾਨ ਸ਼ਬਦਾਂ ਨਾਲ ਸ਼ੁਰੂ ਕਰੋ!



ਸ਼ਬਦਾਂ ਨੂੰ ਉਚਾਰ ਖੰਡਾਂ ਵਿੱਚ ਵੱਖ-ਵੱਖ ਕੀਤਾ ਜਾ ਸਕਦਾ ਹੈ

ਔਖੇ ਸ਼ਬਦ ਨੂੰ ਆਸਾਨੀ ਨਾਲ ਬੋਲੇ ਜਾ ਸਕਣ ਵਾਲੇ ਹਿੱਸਿਆਂ ਵਿੱਚ ਤੋੜੋ।

al | phabet

ਗੁਣਗੁਣਾਉਣ ਜਾਂ ਤਾੜੀ ਵਜਾਉਣ ਨੂੰ ਅਜ਼ਮਾਓ

ਸ਼ਬਦ ਬੋਲਦੇ ਸਮੇਂ ਤਾੜੀ ਵਜਾ ਕੇ ਜਾਂ ਗੁਣਗੁਣਾ ਕੇ ਕਿਸੇ ਸ਼ਬਦ ਦੇ ਉਚਾਰ ਖੰਡਾਂ (ਸੈਲੇਬਲਜ਼) ਦੀ ਗਿਣਤੀ ਕਰੋ। ਕੁਝ ਬੱਚਿਆਂ ਨੂੰ ਗੁਣਗੁਣਾਉਣਾ ਸੌਖਾ ਲੱਗੇਗਾ।

ਸ਼ਬਦਾਂ ਨੂੰ ਆਵਾਜ਼ਾਂ ਵਿੱਚ ਵੱਖ ਵੱਖ ਕੀਤਾ ਜਾ ਸਕਦਾ ਹੈ

ਕਿਸੇ ਸ਼ਬਦ ਨੂੰ ਉਸ ਦੀਆਂ ਵੱਖ-ਵੱਖ ਧੁਨੀਆਂ ਵਿੱਚ ਵੰਡਣਾ ਮਦਦਗਾਰ ਹੋ ਸਕਦਾ ਹੈ।

ਧੁਨੀਆਂ ਹਮੇਸ਼ਾ ਅੱਖਰਾਂ ਦੇ ਬਰਾਬਰ ਨਹੀਂ ਹੁੰਦੀਆਂ

ਕਿਉਂਕਿ ਧੁਨੀਆਂ ਅੱਖਰਾਂ (ਜਾਂ ਅੱਖਰਾਂ ਦੇ ਸੁਮੇਲ, ਜਿਵੇਂ ਕਿ "ch") ਦੁਆਰਾ ਬਣਾਈਆਂ ਜਾ ਸਕਦੀਆਂ ਹਨ, ਇਸ ਲਈ ਅੱਖਰਾਂ ਦੀ ਗਿਣਤੀ ਹਮੇਸ਼ਾ ਇੱਕ ਸ਼ਬਦ ਵਿੱਚ ਧੁਨੀਆਂ ਦੀ ਗਿਣਤੀ ਦੇ ਬਰਾਬਰ ਨਹੀਂ ਹੁੰਦੀ।

44

44 ਅੰਗਰੇਜ਼ੀ ਧੁਨੀਆਂ ਦੀ ਆਪਣੀ ਸੂਚੀ ਦੀ ਵਰਤੋਂ ਕਰੋ।

ਆਪਣੇ ਬੱਚੇ ਨਾਲ ਪੜ੍ਹਦੇ ਸਮੇਂ ਵਿਅੰਜਨ ਅਤੇ ਸਵਰ ਧੁਨੀਆਂ ਦੀ ਸੂਚੀ ਹੱਥ ਵਿੱਚ ਰੱਖੋ। ਚਿੰਤਾ ਨਾ ਕਰੋ: ਬਾਲਗਾਂ ਨੂੰ ਅਕਸਰ ਸ਼ਬਦਾਂ ਵਿੱਚ ਵੱਖ-ਵੱਖ ਧੁਨੀਆਂ ਦੀ ਪਛਾਣ ਕਰਨਾ ਮੁਸ਼ਕਲ ਲੱਗਦਾ ਹੈ!

ਸ਼ਬਦਾਂ ਨੂੰ ਵਾਪਸ ਜੋੜਿਆ ਜਾ ਸਕਦਾ ਹੈ

ਜੇਕਰ ਤੁਸੀਂ ਕਿਸੇ ਸ਼ਬਦ ਨੂੰ ਤੋੜਿਆ ਹੈ, ਤਾਂ ਤੁਹਾਨੂੰ ਇਸ ਨੂੰ ਦੁਬਾਰਾ ਜੋੜਨਾ ਪਵੇਗਾ!

ਇੱਥੇ ਕੁਝ ਸੁਝਾਅ ਹਨ:

ਇੱਕ-ਇੱਕ ਕਰਕੇ ਧੁਨੀਆਂ ਮਿਲਾਉਣਾ

ਕਿਸੇ ਸ਼ਬਦ ਵਿੱਚ ਵੱਖ-ਵੱਖ ਧੁਨੀਆਂ ਨੂੰ ਬੋਲੋ। ਕੀ ਤੁਹਾਡਾ ਬੱਚਾ ਉਹਨਾਂ ਨੂੰ ਇਕੱਠੀਆਂ ਮਿਲਾ ਸਕਦਾ ਹੈ?

ਤੁਸੀਂ: c/a/t
ਤੁਹਾਡਾ ਬੱਚਾ: cat!

ਕਦਮ ਵਾਰ ਮਿਲਾਉਣਾ

ਸ਼ਬਦ ਵਿੱਚ ਪਹਿਲੀ ਧੁਨੀ ਨਾਲ ਸ਼ੁਰੂ ਕਰੋ; ਜਿਵੇਂ ਹੀ ਤੁਸੀਂ ਹਰੇਕ ਅਗਲੀ ਧੁਨੀ ਜੋੜਦੇ ਹੋ, ਪਹਿਲਾਂ ਆਈਆਂ ਸਾਰੀਆਂ ਧੁਨੀਆਂ ਨੂੰ ਨਾਲ ਜ਼ਰੂਰ ਜੋੜੋ (ਵੇਖਣ ਵਿੱਚ, ਇਹ ਪੌੜੀਆਂ ਵਾਂਗ ਦਿਖਾਈ ਦਿੰਦਾ ਹੈ)।



ਪੜ੍ਹਨ 'ਚ ਰਵਾਨਗੀ ਦੀਆਂ ਕਾਰਜਨੀਤੀਆਂ

ਰਵਾਨਗੀ ਨਾਲ ਪੜ੍ਹਨ ਨਾਲ ਸ਼ਬਦ ਨੂੰ ਪੜ੍ਹਨ ਅਤੇ ਉਸ ਨੂੰ ਸਮਝਣ ਦਾ ਲਿੰਕ ਜੁੜਦਾ ਹੈ।

ਇਸ ਦਾ ਅਰਥ ਹੈ ਸ਼ੁੱਧਤਾ, ਹਾਵ-ਭਾਵ ਅਤੇ ਰਫ਼ਤਾਰ ਨਾਲ ਪੜ੍ਹਨਾ।

ਆਪਣੇ ਬੱਚੇ ਨਾਲ ਇਕੱਠੇ ਪੜ੍ਹਦੇ ਸਮੇਂ ਉਸ ਨੂੰ ਵਿਰਾਮ ਚਿੰਨ੍ਹਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰੋ। ਉਹਨਾਂ ਨੂੰ ਇਹਨਾਂ ਬਾਰੇ ਸੋਚਣ ਲਈ ਯਾਦ ਦਿਵਾਓ: ਫੁਲ ਸਟਾਪ, ਵਿਰਾਮ, ਮੋੜ, ਉਤੇਜਨਾ, ਆਦਿ।

ਮਾਡਲਡ ਰੀਡਿੰਗ

ਤੁਸੀਂ ਪੜ੍ਹਦੇ ਹੋ ਅਤੇ ਦਿਖਾਉਂਦੇ ਹੋ ਕਿ ਇਹ ਲਿਖਤ ਕਿਵੇਂ ਸੁਣਾਈ ਦੇਣੀ ਚਾਹੀਦੀ ਹੈ। ਤੁਹਾਡਾ ਬੱਚਾ ਵੀ ਇਸ ਦੀ ਪਾਲਣਾ ਕਰਦਾ ਹੈ।

ਐਕੋ ਰੀਡਿੰਗ

ਤੁਸੀਂ ਕੋਈ ਵਾਕਾਂਸ਼, ਵਾਕ, ਜਾਂ ਪੈਰਾ ਪੜ੍ਹਦੇ ਹੋ ਅਤੇ ਤੁਹਾਡਾ ਬੱਚਾ ਇਸ ਨੂੰ ਦੁਹਰਾਉਂਦਾ ਹੈ।

ਯੂਨੀਸਨ ਰੀਡਿੰਗ

ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਅਤੇ ਤੁਹਾਡਾ ਬੱਚਾ ਇਕੱਠੇ ਪੜ੍ਹਦੇ ਹੋ। ਇਸ ਲਿਖਤ ਨੂੰ ਕੁਝ ਵਾਰ ਦੁਬਾਰਾ ਪੜ੍ਹੋ।

ਸ਼ੇਅਰਡ ਰੀਡਿੰਗ

ਆਪਣੇ ਬੱਚੇ ਨੂੰ ਇੱਕ ਵਾਕ ਜਾਂ ਪੈਰਾ ਪੜ੍ਹਨ ਦਿਓ, ਅਤੇ ਤੁਸੀਂ ਅਗਲਾ ਪੜ੍ਹੋ।

ਪਾਠਕ ਦਾ ਥੀਏਟਰ

ਇਹ ਸਾਂਝਾ ਪੜ੍ਹਨ (ਸ਼ੇਅਰਡ ਰੀਡਿੰਗ) ਵਰਗਾ ਹੈ। ਡਰਾਮਾ ਜ਼ਰੂਰ ਸ਼ਾਮਲ ਕਰੋ ਅਤੇ ਵਧੇਰੇ ਹਾਵ-ਭਾਵ ਅਤੇ ਸਟਾਈਲ ਨਾਲ ਪੜ੍ਹੋ!

ਸਮਝ ਕੇ ਪੜ੍ਹਨਾ

ਕੁਝ ਤਰੀਕੇ ਹਨ ਜਿਹੜੇ ਤੁਹਾਡੇ ਪੜ੍ਹਦੇ ਸਮੇਂ ਤੁਹਾਡੇ ਬੱਚੇ ਦੀ ਸਮਝ 'ਤੇ ਨਜ਼ਰ ਰੱਖਣ ਵਿੱਚ ਮਦਦ ਕਰਦੇ ਹਨ।

ਰੁਕੋ ਅਤੇ ਸਵਾਲ ਕਰੋ

ਕੌਣ, ਕੀ, ਕਦੋਂ, ਕਿੱਥੇ, ਅਤੇ ਕਿਉਂ ਸਵਾਲ ਪੁੱਛੋ।

ਸਾਰਾਂਸ਼

ਉਨ੍ਹਾਂ ਨੂੰ ਲਿਖਤ ਦੁਬਾਰਾ ਦੱਸਣ ਲਈ ਕਹੋ ਜਿਵੇਂ ਉਹ ਆਪਣੇ ਛੋਟੇ ਭੈਣ-ਭਰਾ ਨੂੰ ਦੱਸ ਰਹੇ ਹੋਣ।

ਭਵਿੱਖ ਬਾਣੀਆਂ ਕਰੋ

ਆਪਣੇ ਬੱਚੇ ਨੂੰ ਪੁੱਛੋ ਕਿ ਉਹ ਕੀ ਸੋਚਦਾ ਹੈ ਕਿ ਅੱਗੇ ਕੀ ਹੋਵੇਗਾ। ਸਹੀ ਦੱਸੇ ਜਾਂ ਗਲਤ, ਉਹ ਸਮਝਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਕਿਉਂ ।

ਦਿਲਚਸਪ ਤਰੀਕੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰੋ

ਕਿਤਾਬ ਪੜ੍ਹਨ ਤੋਂ ਬਾਅਦ ਵੀ, ਉਸ ਬਾਰੇ ਗੱਲ ਕਰਦੇ ਰਹੋ। ਆਪਣੇ ਬੱਚੇ ਨੂੰ ਕਿਤਾਬ ਨੂੰ ਆਪਣੇ ਜੀਵਨ ਨਾਲ ਜੋੜਨ ਲਈ ਕਹੋ:

- ਕੀ ਤੁਹਾਡੇ ਨਾਲ ਕਦੇ ਅਜਿਹਾ ਹੋਇਆ ਹੈ?
- ਤੁਹਾਨੂੰ ਕਿਤਾਬ ਵਿੱਚ ਕਿਹੜਾ ਕਿਰਦਾਰ ਸਭ ਤੋਂ ਵੱਧ ਪਸੰਦ ਹੈ?
- ਕਹਾਣੀ ਵਿੱਚ ਤੁਹਾਨੂੰ ਕਿਹੜੀ ਗੱਲ ਨੇ ਹੈਰਾਨ ਕੀਤਾ?
- ਕਿਤਾਬ ਵਿੱਚ ਤੁਸੀਂ ਕਿਸ ਨਾਲ ਦੋਸਤੀ ਕਰਨਾ ਚਾਹੋਗੇ? ਕਿਉਂ?

ਚੀਜ਼ਾਂ ਨੂੰ ਮਜ਼ੇਦਾਰ ਬਣਾਉਣਾ

ਖੇਡਾਂ ਮਜ਼ੇਦਾਰ ਹੁੰਦੀਆਂ ਹਨ, ਫਜ਼ੂਲ ਨਹੀਂ। ਇਹ ਉਨ੍ਹਾਂ ਹੁਨਰਾਂ ਵਿੱਚ ਵਾਧਾ ਕਰਨ ਵਿੱਚ ਮਦਦ ਕਰਨ ਦਾ ਇੱਕ ਪ੍ਰਮਾਣਿਤ ਤਰੀਕਾ ਹੈ, ਜਿਨ੍ਹਾਂ ਨੂੰ ਤੁਹਾਡਾ ਬੱਚਾ ਸਿੱਖ ਰਿਹਾ ਹੁੰਦਾ ਹੈ।

ਬਹੁਤ ਸਾਰੀਆਂ ਖੇਡਾਂ ਅਜਿਹੀਆਂ ਹਨ ਜਿਨ੍ਹਾਂ ਦੀ ਤਿਆਰੀ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਖੇਡਣ ਵਿੱਚ ਬਹੁਤ ਘੱਟ ਸਮਾਂ ਲੱਗਦਾ ਹੈ।



ਗੇਮਾਂ 'ਤੇ ਪਾਸਾ (ਡਾਈਸ) ਘੁਮਾਓ

ਰੋਲ, ਸੇ, ਕੀਪ; ਵਰਡ ਟਿਕ–ਟੈਕ–ਟੋ; ਅਤੇ ਰੋਲ, ਪਿਕ ਏ ਲੈਟਰ, ਬਿਲਡ ਖੇਡਾਂ ਪੜ੍ਹਨਾ ਸਿੱਖਣ ਨੂੰ ਮਜ਼ੇਦਾਰ ਬਣਾਉਣ ਵਿੱਚ ਮਦਦ ਕਰਦੀਆਂ ਹਨ।

ਇਹ ਸਰਲ, ਸਿੱਖਣ ਵਿੱਚ ਆਸਾਨ, ਅਤੇ ਬਦਲਣ ਵਿੱਚ ਬਹੁਤ ਆਸਾਨ ਹਨ – ਤੁਸੀਂ ਉਹਨਾਂ ਨੂੰ ਆਪਣੇ ਬੱਚੇ ਦੇ ਅਨੁਸਾਰ ਆਸਾਨ ਜਾਂ ਵਧੇਰੇ ਮੁਸ਼ਕਲ ਬਣਾ ਸਕਦੇ ਹੋ।







ਰੋਲ, ਸੇ, ਕੀਪ **ਟਿਕ-ਟੈਕ-ਟੋ** **ਰੋਲ, ਪਿਕ(ਸੇ), ਬਿਲਡ**

ਇਹਨਾਂ ਤਿੰਨਾਂ ਹੀ ਖੇਡਾਂ ਵਿੱਚ ਹਰੇਕ ਵਿੱਚ, ਸ਼ੀਟ ਦੇ ਇੱਕ ਪਾਸੇ ਗੇਮ ਬੋਰਡ ਛਪਿਆ ਹੁੰਦਾ ਹੈ ਅਤੇ ਦੂਜੇ ਪਾਸੇ ਹਦਾਇਤਾਂ ਦਿੱਤੀਆਂ ਹੁੰਦੀਆਂ ਹਨ।

ਇਹ ਨਾ ਭੁੱਲੋ: ਪੜ੍ਹਨ ਦਾ ਅਭਿਆਸ ਕਰਨ ਵਿੱਚ ਖੇਡਾਂ ਨਿਯਮਿਤ ਹਿੱਸਾ ਹੋ ਸਕਦੀਆਂ ਹਨ। ਅੱਖਰ ਗਿਆਨ ਦੀਆਂ ਖੇਡਾਂ ਖੇਡਣ ਲਈ ਸਮਾਂ ਕੱਢਣ ਨੂੰ ਯਕੀਨੀ ਬਣਾਓ!

ਅਸੀਂ ਉਹ 44 ਆਵਾਜ਼ਾਂ ਕਿਵੇਂ ਕੱਢੀਏ?

"t" ਅੱਖਰ ਬਾਰੇ ਸੋਚੋ। ਇਸ ਦੀ ਕਿਹੋ ਜਿਹੀ ਆਵਾਜ਼ ਹੈ? ਤੁਸੀਂ ਇਹ ਆਵਾਜ਼ ਕਿਵੇਂ ਕੱਢੀ?

ਆਪਣੇ ਬੱਚੇ ਨੂੰ ਇਹ ਸੋਚਣ ਲਈ ਉਤਸ਼ਾਹਿਤ ਕਰੋ ਕਿ ਉਹ ਆਪਣੀਆਂ ਆਵਾਜ਼ਾਂ ਕਿਵੇਂ ਕੱਢਦਾ ਹੈ? ਤੁਹਾਡੇ ਬੁੱਲ੍ਹ ਅਤੇ ਦੰਦ ਕੀ ਕਰ ਰਹੇ ਹਨ? ਤੁਹਾਡੀ ਜੀਭ ਕਿੱਥੇ ਹੈ?

ਸਾਊਂਡ ਪਿਕਚਰ ਕੀ ਕਾਰਡ

ਅਗਲੇ ਦੋ ਪੰਨਿਆਂ 'ਤੇ ਵਿਅੰਜਨ- ਅਤੇ ਸਵਰ-ਧੁਨੀ ਚਾਰਟਾਂ ਲਈ, ਇਹ ਕਾਰਡ ਦੱਸਦਾ ਹੈ ਕਿ ਹਰੇਕ ਚਿੱਤਰ ਵਿੱਚ ਕਿਹੜੀ ਧੁਨੀ ਦਰਸਾਈ ਜਾ ਰਹੀ ਹੈ।

Sound Picture Key Card (c) 2022 University of Florida Literacy Institute
UFLiteracy.org

Vowels



© 2022 University of Florida Literacy Institute
ufliteracy.org

Consonants

	Lips Together	Teeth on Lip	Tongue Between Teeth	Tongue Behind Top Teeth	Tongue Lifted	Tongue Pulled Back	Back of Throat
Stop	/p/ /b/			/t/ /d/		/k/ /g/	
Nose	/m/			/n/		/ŋ/	
Fricative		/f/ /v/	/th/ /th/	/s/ /z/	/sh/ /zh/		/h/
Affricate					/ch/ /j/		
Glide					/y/	/wh/ /w/	
Liquid				/l/	/r/		

© 2022 University of Florida Literacy Institute
UFLiteracy.org

ਟਿੱਪਣੀਆਂ

ਸਾਡੇ ਨਾਲ ਸੰਪਰਕ ਕਰੋ!

contactus@one-to-one.ca
604-255-5559
www.one-to-one.ca

ਸੋਸ਼ਲ ਮੀਡੀਆ 'ਤੇ ਸਾਨੂੰ ਫਾਲੋ ਕਰੋ

SIMON K.Y. LEE FOUNDATION
李國賢基金會